# BUDHA DAL PUBLIC SCHOOL, PATIALA
## FIRST TERM EXAMINATION (19 September 2024)
**Subject - Punjabi**

**Class - V (Set - B)**

Time: 3 hrs. MM: 80

ਨੋਟ: ਲਿਖਾਈ ਸ਼ੁੱਧ, ਸੁੰਦਰ ਅਤੇ ਖੁੱਲ੍ਹੀ-ਖੁੱਲ੍ਹੀ ਕਰਨ ਦਾ ਯਤਨ ਕਰੋ।

**ਪੜ੍ਹਨ-ਕੌਸ਼ਲ**

**ਪ੍ਰ1. ਹੇਠ ਲਿਖੇ ਅਣਡਿੱਠੇ ਪੈਰ੍ਹੇ ਨੂੰ ਪੜ੍ਹ ਕੇ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਦਿਉ।** (5)

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਿੱਖਾਂ ਦੇ ਦਸਵੇਂ ਗੁਰੂ ਸਨ। ਉਹਨਾਂ ਨੇ ਧਰਮ ਅਤੇ ਕੌਮ ਦੀ ਖ਼ਾਤਰ ਉਸ ਸਮੇਂ ਦੀ ਮੁਗ਼ਲ ਸਰਕਾਰ ਨਾਲ਼ ਟੱਕਰ ਲਈ। ਉਸ ਸਮੇਂ ਮੁਗ਼ਲ ਸਮਰਾਟ ਔਰੰਗਜ਼ੇਬ ਦਾ ਰਾਜ ਸੀ। ਉਹ ਹਿੰਦੂਆਂ ਦਾ ਕੱਟੜ ਵਿਰੋਧੀ ਸੀ। ਉਹ ਹਿੰਦੂਆਂ ਨੂੰ ਜ਼ਬਰਦਸਤੀ ਮੁਸਲਮਾਨ ਬਣਾ ਰਿਹਾ ਸੀ। ਉਸਨੇ ਗੁਰੂ ਤੇਗ ਬਹਾਦਰ ਜੀ ਨੂੰ ਦਿੱਲੀ ਦੇ ਚਾਂਦਨੀ ਚੌਂਕ ਵਿੱਚ ਸ਼ਹੀਦ ਕਰਵਾ ਦਿੱਤਾ। ਸਰਹਿੰਦ ਦੇ ਨਵਾਬ ਵਜ਼ੀਰ ਖ਼ਾਨ ਨੇ ਛੋਟੇ ਸਾਹਿਬਜ਼ਾਦਿਆਂ ਜ਼ੋਰਾਵਰ ਸਿੰਘ ਅਤੇ ਫ਼ਤਿਹ ਸਿੰਘ ਨੂੰ ਨੀਂਹਾਂ ਵਿੱਚ ਚਿਣਵਾ ਕੇ, ਇਸ ਕਰਕੇ ਸ਼ਹੀਦ ਕਰਵਾ ਦਿੱਤਾ ਕਿਉਂਕਿ ਉਹਨਾਂ ਨੇ ਮੁਸਲਮਾਨ ਬਣਨ ਤੋਂ ਇਨਕਾਰ ਕਰ ਦਿੱਤਾ ਸੀ। ਇਸ ਤਰ੍ਹਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਧਰਮ ਨੂੰ ਬਚਾਉਣ ਲਈ ਆਪਣਾ ਸਰਬੰਸ ਵਾਰ ਦਿੱਤਾ।

1. ਗੁਰੂ ਜੀ ਨੇ ਕਿਸ ਨਾਲ਼ ਟੱਕਰ ਲਈ?
2. ਔਰੰਗਜ਼ੇਬ ਕਿੰਨ੍ਹਾਂ ਦਾ ਕੱਟੜ ਵਿਰੋਧੀ ਸੀ?
3. ਛੋਟੇ ਸਾਹਿਬਜ਼ਾਦਿਆਂ ਦੇ ਕੀ ਨਾਂ ਸਨ?
4. ਗੁਰੂ ਤੇਗ ਬਹਾਦਰ ਜੀ ਨੂੰ ਕਿੱਥੇ ਸ਼ਹੀਦ ਕੀਤਾ ਗਿਆ?
5. ਗੁਰੂ ਜੀ ਨੇ ਧਰਮ ਨੂੰ ਬਚਾਉਣ ਲਈ ਕੀ ਕੀਤਾ?

**ਵਿਆਕਰਨ**

**ਪ੍ਰ2. ਹੇਠ ਲਿਖੇ ਵਾਕਾਂ ਵਿੱਚ ਕਿਰਿਆ ਦੀਆਂ ਕਿਸਮਾਂ ਦੇ ਨਾਂ ਲਿਖੋ।** (5)

1. ਚਿੱਤਰਕਾਰ ਚਿੱਤਰ ਬਣਾ ਰਿਹਾ ਹੈ।
2. ਬੱਚਾ ਖੇਡ ਰਿਹਾ ਹੈ।
3. ਰੀਆ ਗਜ਼ਲ ਗਾ ਰਹੀ ਹੈ।
4. ਰਮਨ ਪੜ੍ਹਦਾ ਹੈ।
5. ਕੁੜੀ ਰੱਸੀ ਟੱਪ ਰਹੀ ਹੈ।

**ਪ੍ਰ3. ਹੇਠ ਲਿਖੇ ਵਾਕਾਂ ਵਿੱਚ ਕਾਲ ਦੀਆਂ ਕਿਸਮਾਂ ਦੇ ਨਾਂ ਲਿਖੋ।** (5)

1. ਗੀਤਾ ਚਾਹ ਪੀ ਰਹੀ ਹੈ।
2. ਮਜ਼ਦੂਰ ਪਾਣੀ ਪੀਣ ਗਿਆ ਸੀ।
3. ਮੱਛੀਆਂ ਪਾਣੀ ਵਿੱਚ ਤੈਰ ਰਹੀਆਂ ਹਨ।
4. ਵਿਦਿਆਰਥੀ ਪੜ੍ਹਨਗੇ।
5. ਕਿਸਾਨ ਗੋਡੀ ਕਰ ਰਿਹਾ ਸੀ।

**ਪ੍ਰ4. ਸਹੀ ਸ਼ਬਦ ਚੁਣ ਕੇ ਖਾਲੀ ਥਾਂ ਭਰੋ।** (5)

1. ਮੋਰ ਸਾਡਾ ਰਾਸ਼ਟਰੀ ................ ਹੈ। (ਪੰਛੀ, ਜਾਨਵਰ)
2. ..................... ਸਫ਼ਲਤਾ ਦੀ ਕੁੰਜੀ ਹੈ। (ਨਿਰਾਸ਼ਾ, ਮਿਹਨਤ)
3. ਧਰਤੀ ਦਾ ਸਵਰਗ ................ ਹੈ। (ਕਸ਼ਮੀਰ, ਚੰਡੀਗੜ੍ਹ)

Scanned with OKEN Scanner

4. .................. ਭਾਰਤ ਦੀ ਪਵਿੱਤਰ ਨਦੀ ਹੈ। (ਨਰਮਦਾ, ਗੰਗਾ)

5. ਅੰਗੂਰ .................. ਹਨ। (ਮਿੱਠੇ, ਖੱਟੇ)

**ਪ੍ਰ5. ਹੇਠ ਲਿਖੇ ਮੁਹਾਵਰਿਆਂ ਦੇ ਸਹੀ ਅਰਥ ਚੁਣ ਕੇ ਲਿਖੋ।** (5)

**(ਕੋਸ਼ਿਸ਼ ਕਰਨੀ, ਇਕੱਠੇ ਹੋਣਾ, ਡਰ ਜਾਣਾ, ਬਹੁਤ ਮਹਿੰਗਾ ਹੋਣਾ, ਪਛਤਾਉਣਾ)**

1. ਹੱਥ ਮਲਣਾ –
2. ਹੱਥ-ਪੈਰ ਮਾਰਨਾ –
3. ਅੱਗ ਦੇ ਭਾਅ ਹੋਣਾ –
4. ਸਾਹ ਸੁੱਕਣਾ –
5. ਇਕਮੁੱਠ ਹੋਣਾ –

**ਪ੍ਰ6. ਹੇਠਾਂ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਉ।** (5)

1. ਪੰਜਾਬ ਦੀ ਰਾਜ-ਭਾਸ਼ਾ ਕਿਹੜੀ ਹੈ?
2. ਮਨੁੱਖ ਆਪਣੇ ਮਨ ਦੇ ਵਿਚਾਰਾਂ ਨੂੰ ਦੂਸਰਿਆਂ ਨਾਲ਼ ਕਿਸ ਸਾਧਨ ਰਾਹੀਂ ਸਾਂਝਾ ਕਰਦਾ ਹੈ?
3. ਪੰਜਾਬੀ ਵਰਨਮਾਲਾ ਵਿੱਚ ਕੁੱਲ ਕਿੰਨੇ ਅੱਖਰ ਹਨ?
4. 'ਸ਼' ਅੱਖਰ ਕਿਹੜੇ ਵਰਗ ਵਿੱਚ ਆਉਂਦਾ ਹੈ?
5. ਵਿਆਕਰਨ ਦੇ ਕਿੰਨੇ ਅੰਗ ਹਨ?

**ਪ੍ਰ7. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਉ।** (3)

1. ਜਿਨ੍ਹਾਂ ਸ਼ਬਦਾਂ ਦਾ ਕੋਈ ਅਰਥ ਹੋਵੇ, ਉਸਨੂੰ ਕੀ ਆਖਦੇ ਹਨ?
2. ਸਾਰਥਕ ਅਤੇ ਨਿਰਾਰਥਕ ਸ਼ਬਦਾਂ ਨੂੰ ਅਲੱਗ-ਅਲੱਗ ਕਰਕੇ ਲਿਖੋ –
   ਰੋਟੀ, ਚੁਰਖਾ, ਪਾਣੀ, ਦੱਧ

**ਪਾਠ-ਪੁਸਤਕ ਤੇ ਅਧਾਰਤ**

**ਪ੍ਰ8. ਹੇਠਾਂ ਲਿਖੇ ਪ੍ਰਸ਼ਨਾਂ ਦੇ ਉੱਤਰ ਇੱਕ ਵਾਕ ਵਿੱਚ ਦਿਉ:** (5)

1. 15 ਅਗਸਤ ਕਿਸ ਦਿਵਸ ਦੇ ਰੂਪ ਵਿੱਚ ਮਨਾਇਆ ਜਾਂਦਾ ਹੈ?
2. ਕਿਸਾਨ ਹਲ਼ ਲੈ ਕੇ ਕਿੱਥੇ ਚਲੇ ਜਾਂਦੇ ਹਨ?
3. ਕਿਸਾਨ ਮੰਡੀ ਵਿੱਚ ਕੀ ਕਰਨ ਜਾ ਰਿਹਾ ਸੀ?
4. ਭਗਤ ਸਿੰਘ ਅਤੇ ਉਸਦੇ ਸਾਥੀਆਂ ਨੂੰ ਫ਼ਾਂਸੀ ਕਿੰਨੀ ਵਜੇ ਦਿੱਤੀ ਗਈ?
5. ਕਿਸਾਨ ਨੂੰ ਰਸਤੇ ਵਿੱਚ ਕਿੰਨੇ ਠੱਗ ਮਿਲੇ?

**ਪ੍ਰ9. ਹੇਠਾਂ ਲਿਖੇ ਪ੍ਰਸ਼ਨਾਂ ਦੇ ਉੱਤਰ ਦੋ-ਤਿੰਨ ਸਤਰਾਂ ਵਿੱਚ ਦਿਉ: (ਕੋਈ ਪੰਜ)** (10)

1. ਕਿਹੜੇ-ਕਿਹੜੇ ਦਿਨ ਕੌਮੀ ਤਿਉਹਾਰ ਦੇ ਰੂਪ ਵਿੱਚ ਮਨਾਏ ਜਾਂਦੇ ਹਨ?
2. ਕਿਸਾਨ ਨੇ ਆਪਣਾ ਬੱਕਰਾ ਵੇਚਣ ਦਾ ਫ਼ੈਸਲਾ ਕਿਉਂ ਕੀਤਾ?
3. ਸਰਦਾਰ ਭਗਤ ਸਿੰਘ ਦਾ ਜਨਮ ਕਦੋਂ ਹੋਇਆ? ਉਨ੍ਹਾਂ ਦੇ ਮਾਤਾ-ਪਿਤਾ ਦਾ ਨਾਂ ਲਿਖੋ।
4. ਪੁਰਾਣੇ ਦਿਨਾਂ ਵਿੱਚ ਲੋਕ ਰਸਤੇ ਦੀ ਥਕਾਵਟ ਨੂੰ ਅਸਾਨ ਕਰਨ ਲਈ ਕੀ ਕਰਦੇ ਸਨ?
5. ਭਾਰਤ ਦੀ ਅਜ਼ਾਦੀ ਵਿੱਚ ਸ਼ਹੀਦ ਹੋਣ ਵਾਲੇ ਵਿਅਕਤੀਆਂ ਦੇ ਨਾਂ ਲਿਖੋ।
6. ਕਿਸਾਨ ਨੂੰ ਧੋਖੇ ਦਾ ਸ਼ਿਕਾਰ ਹੋਣ ਤੋਂ ਕਿਸਨੇ ਬਚਾ ਲਿਆ?

Scanned with OKEN Scanner

ਪ੍ਰ10. ਹੇਠਾਂ ਲਿਖੇ ਸ਼ਬਦਾਂ ਦੇ ਅਰਥ ਲਿਖੋ: (4)

ਅਧਿਕਾਰੀ, ਸਫ਼ਰ, ਆਦਰ, ਯਕੀਨ

ਪ੍ਰ11. ਹੇਠਾਂ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋ: (3)

ਕਹਾਣੀ, ਸ਼ਿਕਾਰ, ਬਹਾਦਰ

ਪ੍ਰ12. ਹੇਠਾਂ ਲਿਖੇ ਵਾਕਾਂ ਵਿੱਚ ਖਾਲੀ ਥਾਂ ਭਰੋ: (ਅੱਥਰੂ, ਪ੍ਰਭਾਤ, ਠੱਗਾਂ, ਖ਼ੂਬਸੂਰਤ, ਕਿਸਾਨ) (5)

1. ਸਵੇਰ ਦਾ ਸਮਾਂ ...................... ਹੁੰਦਾ ਹੈ।
2. ਕਿਸਾਨ ਨੇ ਘਰ ਆ ਕੇ ................ ਵਾਲ਼ੀ ਗੱਲ ਸੁਣਾਈ।
3. ਜੱਲਾਦ ਦੀਆਂ ਅੱਖਾਂ ਵਿੱਚ .................. ਆ ਗਏ।
4. ਭਗਤ ਸਿੰਘ ................. ਪਰਿਵਾਰ ਨਾਲ਼ ਸੰਬੰਧਿਤ ਸੀ।
5. ਸਵੇਰ ਦੇ ਸਮੇਂ ਨੂੰ .................. ਆਖਦੇ ਹਨ।

ਪ੍ਰ13. ਹੇਠਾਂ ਲਿਖੇ ਵਾਕਾਂ ਅੱਗੇ ਸਹੀ ਜਾਂ ਗਲਤ ਲਿਖੋ: (5)

1. ਜਸਮੀਨ ਨੇ ਚਾਚਾ ਜੀ ਤੋਂ ਸਵਾਲ ਪੁੱਛਿਆ -
2. ਗਲ਼ੀ ਵਿੱਚ ਫ਼ਕੀਰ ਗਾ ਰਿਹਾ ਸੀ -
3. ਭਗਤ ਸਿੰਘ ਦਾ ਸੁਪਨਾ ਪੂਰਾ ਹੋ ਗਿਆ -
4. ਸਵੇਰੇ ਧਰਤੀ ਪੱਛਮ ਦਿਸ਼ਾ ਵੱਲ ਮੂੰਹ ਘੁਮਾ ਰਹੀ ਹੁੰਦੀ ਹੈ -
5. ਕਿਸਾਨ ਨੂੰ ਤੀਸਰੇ ਠੱਗ ਨੇ ਲੁੱਟ ਲਿਆ -

**ਲਿਖਣ-ਕੌਸ਼ਲ**

ਪ੍ਰ14. ਆਪਣੇ ਸਕੂਲ ਦੇ ਮੁੱਖ ਅਧਿਆਪਕਾ ਜੀ ਨੂੰ ਸਕੂਲ ਛੱਡਣ ਦਾ ਸਰਟੀਫ਼ਿਕੇਟ ਲੈਣ ਲਈ ਬਿਨੈ - ਪੱਤਰ ਲਿਖੋ। (7)

**ਜਾਂ**

ਆਪਣੇ ਸਕੂਲ ਦੇ ਮੁੱਖ ਅਧਿਆਪਕਾ ਜੀ ਨੂੰ ਸੈਕਸ਼ਨ ਬਦਲਣ ਸੰਬੰਧੀ ਬਿਨੈ - ਪੱਤਰ ਲਿਖੋ।

ਪ੍ਰ15. ਹੇਠ ਲਿਖਿਆਂ ਵਿਸ਼ਿਆਂ ਵਿੱਚੋਂ ਕਿਸੇ ਇੱਕ ਵਿਸ਼ੇ ਤੇ ਲੇਖ ਲਿਖੋ। (8)

**ਮੇਰਾ ਮਨਭਾਉਂਦਾ ਅਧਿਆਪਕ**

ਨੁਕਤੇ - ਜਾਣ-ਪਛਾਣ, ਵਧੀਆ ਸ਼ਖਸੀਅਤ, ਵਿੱਦਿਅਕ ਯੋਗਤਾ, ਪੜ੍ਹਾਉਣ ਦਾ ਢੰਗ, ਗੁਣਾਂ ਦੇ ਭਰਪੂਰ, ਚੰਗੇ ਸੁਭਾਅ ਦੇ ਮਾਲਕ, ਸਾਰੰਸ਼।

**ਜਾਂ**

**ਸਵੇਰ ਦੀ ਸੈਰ**

ਨੁਕਤੇ - ਭੂਮਿਕਾ, ਸੁੰਦਰ ਨਜ਼ਾਰਾ, ਸਵੇਰ ਸਮੇਂ ਸ਼ੋਰ ਸ਼ਰਾਬਾ, ਸਵੇਰ ਦੀ ਸੈਰ ਦੇ ਲਾਭ, ਨੌਜਵਾਨਾਂ ਤੇ ਬਜ਼ੁਰਗਾਂ ਲਈ ਫ਼ਾਇਦੇ, ਸਾਰੰਸ਼।

Scanned with OKEN Scanner